# ਪ੍ਰੈਸ ਨੋਟ

# ਤਿਕਸ਼ਨ ਸੂਦ ਨੇ ਰਵੀਦਾਸ ਨਗਰ ਵਿਖੇ ਪਾਵਰ ਕਾਰਪੋਰੇਸ਼ਨ ਵਲੋਂ ਬਿਜਲੀ ਦੀਆਂ ਤਾਰਾਂ ਉੱਚੀਆਂ ਕਰਨ ਦੇ ਕੰਮ ਦੀ ਕੀਤੀ ਸ਼ੁਰੂਆਤ।

ਹੁਸ਼ਿਆਰਪੁਰ 31 ਜੁਲਾਈ ਮੁੱਹਲਾ ਰਵੀਦਾਸ ਨਗਰ ਵਿਖੇ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਪਾਵਰ ਕਾਰਪੋਰੇਸ਼ਨ ਵਲੋਂ ਬਿਜਲੀ ਦੀਆਂ ਹਾਈ ਵੋਲਟੇਜ਼ ਤਾਰਾਂ ਉੱਚੀਆਂ ਕਰਨ ਦੇ ਕੰਮ ਦੀ ਸ਼ੁਰੂਆਤ ਅਮਨਪ੍ਰੀਤ ਸਿੰਘ ਤੋਂ ਰੀਬਨ ਕੱਟਵਾ ਕੇ ਕਰਨ ਉਪਰੰਤ ਮੁੱਹਲਾ ਨਿਵਾਸਿਆਂ ਦੇ ਭਾਰੀ ਇੱਕਠ ਨੂੰ ਸਬੋਧਨ ਕਰਦਿਆਂ ਦੱਸਿਆ ਕਿ ਰਵੀਦਾਸ ਮੁੱਹਲੇ ਦੇ ਸਮੂਹ ਨਿਵਾਸੀਆਂ ਵਲੋਂ ਕਾਫੀ ਦੇਰ ਤੋਂ ਬਿਜਲੀ ਦੀਆਂ ਤਾਰਾਂ ਉੱਚੀਆਂ ਕਰਨ ਸਬੰਧੀ ਮੰਗ ਕੀਤੀ ਜਾ ਰਹੀ ਸੀ। ਜਿਸ ਤੇ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਤਾਲ-ਮੇਲ ਕੀਤਾ ਗਿਆ ਅਤੇ ਅੱਜ ਇਹ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਨਾਲ ਮੁੱਹਲੇ ਵਿੱਚ ਲਟਕਦੀਆਂ ਬਿਜਲੀ ਦੀਆਂ ਤਾਰਾਂ ਤੋਂ ਮੁੱਹਲਾ ਨਿਵਾਸੀਆਂ ਨੂੰ ਛੁੱਟਕਾਰਾ ਮਿਲੇਗਾ ਅਤੇ ਬਿਜਲੀ ਦੀ ਸਪਲਾਈ ਵਿੱਚ ਸੁਧਾਰ ਆਵੇਗਾ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਇਸ ਮੌਕੇ ਤੇ ਰਵੀਦਾਸ ਨਗਰ ਵਿਖੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੁੱਹਲੇ ਵਿੱਚ ਪ੍ਰੀ-ਮਿਕਸ ਦੀਆਂ ਸੜਕਾਂ ਅਤੇ ਇੰਟਰਲਾਕਿੰਗ ਟਾਈਲਾਂ ਨਾਲ ਪੱਕੀਆਂ ਗਲੀਆ ਬਣਾਉਣ ਦਾ ਕੰਮ ਚਲ ਰਿਹਾ ਹੈ।ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਜਗਤਾਰ ਸਿੰਘ ਸੈਣੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕੌਂਸਲਰ ਕੁਲਵੰਤ ਸਿੰਘ ਸੈਣੀ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ।

ਪਾਵਰ ਕਾਰਪੋਰੇਸ਼ਨ ਦੇ ਐਸ.ਡੀ.ਓ ਰਸ਼ਪਾਲ ਸਿੰਘ, ਜੇ.ਈ ਜ਼ਸਵਿੰਦਰ ਸਿੰਘ, ਨਗਰ ਨਿਗਮ ਦੇ ਜੇ.ਈ ਲਵਦੀਪ ਕੁਮਾਰ, ਕੌਂਸਲਰ ਨਰਿੰਦਰ ਕੌਰ, ਰਿਟਾਇਡ ਡੀ.ਐਸ.ਪੀ ਮਲਕੀਅਤ ਸਿੰਘ, ਵਿਕਰਮ ਮਹਿਤਾ, ਭਾਜਪਾ ਆਗੂ ਮੁੱਖੀ ਰਾਮ, ਰਾਮਦੇਵ ਯਾਦਵ, ਮਨਜੀਤ ਸਿੰਘ, ਅਰਿਆਣਾ ਰਾਮ, ਰਾਜ ਕੁਮਾਰ, ਪਰਸ਼ੋਤਮ ਸਿੰਘ ਸੋਢੀ, ਹਰਭਜਨ ਸਿੰਘ ਢਿਲੋਂ, ਮਲਕੀਅਤ ਸਿੰਘ, ਬਲਬੀਰ ਸਿੰਘ, ਕਮਲ, ਨਿਰਮਲ ਸਿੰਘ, ਕੈਲਾਸ਼ ਸੇਠੀ, ਸੋਨੀ, ਗੇਰਾ ਅਤੇ ਰਵਿਦਾਸ ਨਗਰ ਦੇ ਨਿਵਾਸੀ ਵੀ ਵੱਡੀ ਗਿਣਤੀ ਵਿੱਚ ਇਸ ਮੌਕੇ ਤੇ ਹਾਜਰ ਸਨ।